بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 29.06.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਦੇ ਸਹਾਬਾ ਹਜ਼ਰਤ ਅਮੱਾਰ ਬਿਨ ਯਾਸਿਰ ਅਤੇ ਹਜ਼ਰਤ ਅਬੁਲਬਾਬਾ ਬਿਨ ਅਬਦੁਲ ਮੁੰਜ਼ਿਰ ਦੇ ਜੀਵਨ ਚਰਿਤ੍ਰ ਦੀਆਂ ਇਮਾਨ ਵਧਾਊ ਗਲੱਾਂ ਦਾ ਮਨਮੋਹਕ ਵਰਨਣ

## ਐਮ. ਟੀ. ਏ. ਸੀਖ ਸਿੱਖਿਆ ਦਾ ਬਹੁਤ ਚੰਗਾ ਸਾਧਨ ਹੈ ਅਤੇ ਹਰ ਪ੍ਰਕਾਰ ਦੇ ਫ਼ਿਤਨੇ ਤੇ ਫ਼ਸਾਦਾਂ ਤੋਂ ਬਚਾਉਣ ਵਾਲਾ ਵੀ ਹੈ ਅਤੇ ਧਾਰਮਕ ਗਿਆਨ ਵਧਾਉਣ ਵਾਲਾ ਵੀ ਹੈ ਇਸ ਲਈ ਇਸ ਵੱਲ ਅਹਮਦੀਆ ਜਮਾਤ ਦੇ ਲੋਕਾਂ ਨੂੰ ਬਹੁਤ ਧਿਆਨ ਦੇਣਾ ਚਾਹੀਦਾ ਹੈ, ਇਸ ਨਾਲ ਆਪਣੇ ਆਪ ਨੂੰ ਜੋੜਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 29 ਜੂਨ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਮੈਂ ਹਜ਼ਰਤ ਅਮੱਾਰ ਰਜ਼ੀ ਅਲੱਾਹ ਅਨਹੁ ਬਾਰੇ ਵਰਨਣ ਕਰ ਰਿਹਾ ਸੀ, ਉਹਨਾਂ ਬਾਰੇ ਕੁਝ ਹੋਰ ਰਿਵਾਇਤਾਂ ਸਨ ਉਹ ਵੀ ਮੈਂ ਅੱਜ ਵਰਨਣ ਕਰਾਂਗਾ । ਹਰਤ ਹਸਨ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰੋ ਬਿਨ ਆਸ ਨੇ ਕਿਹਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਜਿਸ ਵਿਕਤਅੀ ਨਾਲ ਆਪਣੇ ਦੇਹਾਂਤ ਦੇ ਦਿਨ ਤੱਕ ਪ੍ਰੇਮ ਕਰਦੇ ਰਹੇ ਹੋਣ ਮੈਂਨੂੰ ਆਸ ਹੈ ਕਿ ਅਜਿਹਾ ਨਹੀਂ ਹੋਵੇਗਾ ਕਿ ਰੱਬ ਉਹਨਾਂ ਨੂੰ ਨਰਕ ਵਿੱਚ ਪਾ ਦੇਵੇਗਾ । ਹਜ਼ਰਤ ਉਮਰੋ ਬਿਨ ਆਸ ਨੇ ਕਿਹਾ ਕਿ ਅਮੱਾਰ ਬਿਨ ਯਾਸਿਰ ਉਹ ਵਿਅਕਤੀ ਸਨ ਜਿੰਨ੍ਹਾ ਤੋਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਮੇਸ਼ਾ ਪ੍ਰੇਮ ਕੀਤਾ । ਕਹਿੰਦੇ ਹਨ ਕਿ ਮੈਂ ਦੋ ਵਿਅਕਤੀਆਂ ਬਾਰੇ ਗਵਾਹ ਹਾਂ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪਣੇ ਦੇਹਾਂਤ ਤੱਕ ਉਹਨਾਂ ਨਾਲ ਪ੍ਰੇਮ ਕਰਦੇ ਸਨ ਉਹ ਹਜ਼ਰਤ ਅਬਦੁਲੱਾਹ ਬਿਨ ਮਸਊਦ ਅਤੇ ਹਜ਼ਰਤ ਅਮੱਾਰ ਬਿਨ ਯਾਸਿਰ ਸਨ ।

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਹਜ਼ਰਤ ਅਮੱਾਰ ਬਾਰੇ ਫ਼ਰਮਾਇਆ ਕਿ ਉਹ ਅੱਡੀਆਂ ਤੋਂ ਲੈਕੇ ਆਪਣੇ ਸਿਰ ਦੀ ਚੋਟੀ ਤੱਕ ਇਮਾਨ ਨਾਲ ਭਰੇ ਹੋਏ ਸਨ । ਹਜ਼ਰਤ ਖ਼ਬਾਬ ਹਜ਼ਰਤ ਉਮਰ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਹਜ਼ਰਤ ਉਮਰ ਨੇ ਉਹਨਾਂ ਨੂੰ ਕਿਹਾ ਕਿ ਨੇੜੇ ਹੋ ਜਾਓ, ਇਸ ਸਭਾ ਵਿੱਚ ਆਪ ਤੋਂ ਵੱਧ ਕੋਈ ਹੱਕਦਾਰ ਨਹੀਂ ਸਿਵਾਏ ਅਮੱਾਰ ਦੇ । ਫਿਰ ਹਜ਼ਰਤ ਖ਼ਬਾਬ ਹਜ਼ਰਤ ਉਮਰ ਨੂੰ ਆਪਣੀ ਕਮਰ (ਵੱਖੀ) ਦੇ ਜ਼ਖ਼ਮ ਦਿਖਾਉਣ

ਲੱਗੇ ਜੋ ਉਹਨਾਂ ਨੂੰ ਮੁਸ਼ਰਕਾਂ ਨੇ ਪਹੁੰਚਾਏ ਸਨ ਹਜ਼ਰਤ ਉਮਰ ਉਹਨਾਂ ਦਾ ਸਨਮਾਨ ਤੇ ਹੌਂਸਲਾ ਦੇ ਰਹੇ ਸਨ ਕਿਉਂਕਿ ਉਹਨਾਂ ਨੇ ਅਰੰਭਕ ਸਮੇਂ ਵਿੱਚ ਬਹੁਤ ਕਸ਼ਟ ਝੱਲੇ ਅਤੇ ਨਾਲ ਹੀ ਹਜ਼ਰਤ ਅਮੱਾਰ ਬਾਰੇ ਵੀ ਦੱਸਿਆ ਕਿ ਉਹਨਾਂ ਨੇ ਵੀ ਬਹੁਤ ਅਧਿਕ ਕਸ਼ਟ ਝੱਲੇ ।

ਅਬੂ ਮਜਲਿਸ ਕਹਿੰਦੇ ਹਨ ਕਿ ਇਕ ਵਾਰ ਹਜ਼ਰਤ ਅਮੱਾਰ ਬਿਨ ਯਾਸਿਰ ਨੇ ਸੰਖੇਪ ਜਿਹੀ ਨਮਾਜ਼ ਪੜ੍ਹੀ, ਉਹਨਾਂ ਤੋਂ ਕਿਸੇ ਨੇ ਕਾਰਣ ਪੁੱਛਿਆ ਤਾਂ ਹਜ਼ਰਤ ਅਮੱਾਰ ਨੇ ਫ਼ਰਮਾਇਆ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਨਮਾਜ਼ ਵਿੱਚ ਕਝ ਵੀ ਫ਼ਰਕ ਨਹੀਂ ਕੀਤਾ । ਇਹ ਰਿਵਾਇਤ ਇਸ ਪ੍ਰਕਾਰ ਵੀ ਮਿਲਦੀ ਹੈ ਕਿ ਇਕ ਵਾਰ ਹਜ਼ਰਤ ਅਮੱਾਰ ਬਿਨ ਯਾਸਿਰ ਨੇ ਸਾਨੂੰ ਬਹੁਤ ਸੰਖੇਪ ਨਮਾਜ਼ ਪੜ੍ਹਾਈ ਲੋਕਾਂ ਨੂੰ ਇਸ'ਤੇ ਹੈਰਾਨੀ ਹੋਈ । ਹਜ਼ਰਤ ਅਮੱਾਰ ਨੇ ਕਿਹਾ ਕਿ ਕੀ ਮੈਂ ਰੁਕੂਅ ਤੇ ਸਜੱਦੇ ਪੂਰੇ ਨਹੀਂ ਕੀਤੇ, ਉਹਨਾਂ ਦੇ ਕਿਹਾ ਕਿਉਂ ਨਹੀਂ । ਹਜ਼ਰਤ ਅਮੱਾਰ ਨੇ ਕਿਆ ਕਿ ਮੈਂ ਇਸ ਵਿੱਚ ਇਕ ਦੁਆ ਕੀਤੀ ਹੈ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਮੰਗਿਆ ਕਰਦੇ ਸਨ ਅਤੇ ਉਹ ਦੁਆ ਇਹ ਹੈ ਕਿ ਹੇ, ਅਲੱਾਹ ! ਗ਼ੈਬ ਦਾ ਤੈਨੂੰ ਹੀ ਗਿਆਨ ਹੈ ਅਤੇ ਸਾਰੀ ਮਖ਼ਲੂਕ ਉਪੱਰ ਤੇਰੀ ਕੁਦਰਤ ਹਾਵੀ ਹੈ । ਤੂੰ ਮੈਂਨੂੰ ਉਸ ਸਮੇਂ ਤੱਕ ਜੀਉਂਦਾ ਰੱਖ ਤੱਕ ਤੱਕ ਤੇਰੇ ਅਿਗਾਨ ਵਿੱਚ ਮੇਰਾ ਜੀਵਨ ਮੇਰੇ ਲਈ ਚੰਗਾ ਹੈ ਅਤੇ ਮੈਂਨੂੰ ਉਸ ਸਮੇਂ ਮੌਤ ਦੇ ਜੱਦ ਮੌਤ ਮੇਰੇ ਲਈ ਬਿਹਤਰ ਹੋਵੇ । ਹੇ ਅਲੱਾਹ, ਮੈਂ ਗ਼ੈਬ ਤੇ ਪ੍ਰਗਟ ਵਿੱਚ ਤੈਥੋਂ ਹੀ ਤੇਰੇ ਹੀ ਖ਼ੌਫ਼ ਦਾ ਜਾਚਕ ਹਾਂ ਅਤੇ ਕ੍ਰੋਪੀ ਤੇ ਰਜ਼ਾ ਦੀ ਅਵਸਥਾ ਵਿੱਚ ਕਲਮਾਏ ਹੱਕ (ਸੱਚੀ ਗੱਲ) ਆਖਣ ਦੀ ਸ਼ਕਤੀ ਮੰਗਦਾ ਹਾਂ ਅਤੇ ਤੰਗੀ ਤੇ ਖੁੱਲਡੁੱਲ ਵਿੱਚ ਔਸਤਨ ਸੰਤੁਲਨ ਧਾਰਨ ਕਰਨ ਅਤੇ ਤੇਰੇ ਚਿਹਰੇ ਉਪੱਰ ਪੈਣ ਵਾਲੀ ਆਨੰਦਮਈ ਦ੍ਰਿਸ਼ਟੀ ਅਤੇ ਤੇਰੇ ਦੀਦਾਰ ਦਾ ਸ਼ੌਕ ਤੈਥੋਂ ਮੰਗਦਾ ਹਾਂ ਅਤੇ ਮੈਂ ਕਿਸੇ ਕਸ਼ਟ ਦੇਣ ਵਾਲੇ ਕੰਮ ਤੇ ਗੁੰਮਰਾਹ ਕਰ ਦੇਣ ਵਾਲੇ ਫਿਤਨੇ ਫ਼ਸਾਦ ਤੋਂ ਤੇਰੀ ਪਨਾਹ ਵਿੱਚ ਆਉਂਦਾ ਹਾਂ । ਹੇ, ਅਲੱਾਹ ਸਾਨੂੰ ਇਮਾਨ ਦੀ ਸੁੰਦਰਤਾ ਨਾਲ ਭਰਪੂਰ ਕਰ ਦੇ ਅਤੇ ਸਾਨੂੰ ਸੁਮਾਰਗ ਪਾਉਣ ਵਾਲੇ ਲੋਕਾਂ ਲਈ ਮਾਰਗਦਰਸ਼ਕ ਬਣਾ ਦੇ ।

ਅਬੂ ਨੋਫ਼ਿਲ ਬਿਨ ਅਬੀ ਅਕਰਬ ਕਹਿੰਦੇ ਹਨ ਕਿ ਹਜ਼ਰਤ ਅਮੱਾਰ ਬਿਨ ਯਾਸਿਰ ਸਭ ਤੋਂ ਅਧਿਕ ਚੁੱਪੀ ਧਾਰਨ ਕਰਨ ਵਾਲੇ ਅਤੇ ਸਭ ਤੋਂ ਘੱਟ ਗਲੱਾਂ ਕਰਨ ਵਾਲੇ ਸਨ ਉਹ ਕਿਹਾ ਕਰਦੇ ਸਨ ਕਿ ਮੈਂ ਫ਼ਿਤਨੇ ਤੋਂ ਰੱਬ ਦੀ ਪਨਾਹ ਮੰਗਦਾ ਹਾਂ, ਮੈਂ ਫ਼ਿਤਨੇ ਤੋਂ ਰੱਬ ਦੀ ਪਨਾਹ ਮੰਗਦਾ ਹਾਂ ।

ਖੇਸਮਾ ਬਿਨ ਅਬੀ ਸਬਰਾ ਕਹਿੰਦੇ ਹਨ ਕਿ ਮੈਂ ਮਦੀਨਿ ਆਇਆ ਅਤੇ ਰੱਬ ਤੋਂ ਦੁਆ ਕੀਤੀ ਕਿ ਮੈਂਨੂੰ ਕਿਸੇ ਨੇਕ ਵਿਕਅਤੀ ਦੀ ਸੰਗਤ ਉਪਲਭਦ ਕਰਾ, ਸੋ, ਰੱਬ ਨੇ ਮੈਂਨੂੰ ਹਜ਼ਰਤ ਅਬੂ ਹੁਰੈਰਾ ਦੀ ਸੰਗਤ ਉਪਲਭਦ ਕਰਾਈ । ਹਜ਼ਰਤ ਅਬੂ ਹੁਰੈਰਾ ਨੇ ਮੈਂਨੂੰ ਪੁੱਛਿਆ ਕਿ ਤੁਸੀਂ ਕਿੰਨ੍ਹਾ ਲੋਕਾਂ ਵਿੱਚੋਂ ਹੋ । ਮੈਂ ਕਿਹਾ ਮੇਰਾ ਸੰਬੰਧ ਕੂਫ਼ਾ ਦੀ ਧਰਤੀ ਨਾਲ ਹੈ, ਮੈਂ ਗਿਆਨ ਤੇ ਭਲਾਈ ਲੈਂਣ ਲਈ ਹਾਜ਼ਰ ਹੋਇਆ ਹਾਂ । ਹਜ਼ਰਤ ਅਬੂ ਹੁਰੈਰਾ ਨੇ ਕਿਹਾ ਕਿ ਤੁਹਾਡੇ ਕੋਲ ਮੁਸਤਜਾਬੁਦ ਦਾਵਾਤ (ਦੁਆਵਾਂ ਦੀ ਪਰਵਾਨਗੀ ਵਾਲੇ) ਹਜ਼ਰਤ ਸਾਅਦ ਬਿਨ ਅਬੀ ਵਕਾਸ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦਾ ਪਾਣੀ ਅਤੇ ਖੜਾਉਂ ਉਠਾਉਣ ਵਾਲੇ, ਹਜ਼ਰਤ ਅਬਦੁਲੱਾਹ ਬਿਨ ਮਸਊਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਰਾਜ਼ਦਾਨ, ਹਜ਼ਰਤ ਹੁਜ਼ੈਫ਼ਾ ਬਿਨ ਯਮਾਨ ਅਤੇ ਅਮੱਾਰ ਬਿਨ ਯਾਸਿਰ ਜਿੰਨ੍ਹਾ ਬਾਰੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਮੂੰਹੋਂ ਇਹ ਫ਼ਰਮਾਨ ਜਾਰੀ ਹੋਇਆ ਸੀ ਕਿ ਰੱਬ ਨੇ ਇਹਨਾਂ ਨੂੰ ਸ਼ੈਤਾਨ ਤੋਂ ਪਨਾਹ ਦੇ ਰੱਖੀ ਹੈ ਅਤੇ ਦੋ ਕਿਤਾਬਾਂ ਇੰਜੀਲ ਤੇ ਕੁਰਆਨ ਦਾ ਗਿਆਨ ਰਖੱਣ ਵਾਲੇ ਹਜ਼ਰਤ ਸਲਮਾਨ ਮੌਜੂਦ ਨਹੀਂ ਹਨ ? ਜੱਦ ਇਹ ਸਾਰੇ ਲੋਕ ਹਨ ਤਾਂ ਇਹਨਾਂ ਤੋਂ ਲਾਭ ਕਿਉਂ ਨਹੀਂ ਉਠਾਇਆ ਤੁਸੀਂ ?

ਮੁਹਮੱਦ ਬਿਨ ਅਲੀ ਬਿਨ ਹਨਫ਼ੀਯਾਹ ਵਰਨਣ ਕਰਦੇ ਹਨ ਕਿ ਹਜ਼ਰਤ ਅਮੱਾਰ ਬਿਨ ਯਾਸਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ, ਉਸ ਸਮੇਂ ਆਪ ਸਲਲੱਾਹੁ ਅਲੈਹਿ ਵਸਲਮ

ਬਿਮਾਰ ਸਨ । ਰਸੂਲੁਲੱਲਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਅਮੱਾਰ ਨੂੰ ਫ਼ਰਮਾਇਆ ਕੀ ਮੈਂ ਤੁਹਾਰਨੂੰ ਉਹ ਦਮ ਸਿਖਾਵਾਂ ਜੋ ਜਿਬਰਾਈਲ ਨੇ ਮੇਰੇ ਉਪੱਰ ਕੀਤਾ ਹੈ । ਹਜ਼ਰਤ ਅਮੱਾਰ ਕਹਿੰਦੇ ਹਨ ਕਿ ਮੈਂ ਕਿਹਾ, ਜੀ, ਹੇ ਰਸੂਲੁਲੱਾਹ ! ਫ਼ਿਰ ਰਸੂਲੁਲੱਾਹ ਨੇ ਉਹਨਾਂ ਨੂੰ ਇਹ ਦੱਮ ਸਿਖਾਇਆ ਕਿ 'ਬਿਸਮਿਲੱਾਹਿ ਅਰਕੀਕਾ ਵਲੱਾਹੁ ਯਸ਼ਫ਼ੀਕਾ ਮਿਨ ਕੁੱਲਿ ਦਾਆ ਯੂਅਜ਼ੀਕਾ' (بسم الله ارقيك والله يشفيك من كل داء يؤذيك) ਕਿ ਮੈਂ ਅਲੱਾਹ ਦੇ ਨਾਂ ਨਾਲ ਸ਼ੁਰੂ ਕਰਕੇ ਤੁਹਾਨੂੰ ਦੱਮ ਕਰਦਾ ਹਾਂ ਅਤੇ ਅਲੱਾਹ ਤੁਹਾਨੂੰ ਹਰ ਉਸ ਬਿਮਾਰੀ ਤੋਂ ਸ਼ਿਫ਼ਾ (ਸਿਹਤ ਪ੍ਰਦਾਨ ਕਰੇ) ਦੇ ਜੋ ਤੁਹਾਨੂੰ ਕਸ਼ਟ ਦੇਵੇ ਤੁਸੀਂ ਉਸ ਨੂੰ ਪਕੜ ਲਓ ਅਤੇ ਖ਼ੁਸ਼ ਹੋ ਜਾਓ ।

ਹਜ਼ਰਤ ਅਨਸ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਸਵਰਗ ਹਜ਼ਰਤ ਅਲੀ ਅਤੇ ਹਜ਼ਰਤ ਅਮੱਾਰ ਅਤੇ ਹਜ਼ਰਤ ਸਲਮਾਨ ਅਤੇ ਹਜ਼ਰਤ ਬਿਲਾਲ ਰਜ਼ੀ ਅਲੱਾਹ ਅਨਹੁਮ ਦੀ ਅਭਿਲਾਸ਼ਕ ਹੈ । ਹਜ਼ਰਤ ਹੁਜ਼ੈਫ਼ਾ ਰਜ਼ੀ ਅਲੱਾਹ ਅਨਹੁ ਤੋਂ ਰਿਵਾਇਤ ਹੈ ਕਿ ਅਸੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਬੈਠੇ ਹੋਏ ਸਨ ਕਿ ਆਪ ਨੇ ਫ਼ਰਮਾਇਆ ਕਿ ਮੈਨੂੰ ਪਤਾ ਨਹੀਂ ਕਿ ਮੈਂ ਤੁਹਾਡੇ ਵਿਚਕਾਰ ਕਿੰਨ੍ਹਾ ਚਿਰ ਰਹਾਂਗਾ । ਸੋ ਤੁਸੀਂ ਮੇਰੇ ਬਾਦ ਇਹਨਾਂ ਲੋਕਾਂ ਦੀ ਅਗਵਾਈ ਕਰਨਾ ਆਪ ਨੇ ਅਬੁਬਕਰ ਅਤੇ ਉਮਰ ਵੱਲ ਸੰਕੇਤ ਕੀਤਾ ਅਤੇ ਫ਼ਰਮਾਇਆ ਅਮੱਾਰ ਦੇ ਤਰੀਕੇ ਨੂੰ ਅਪਨਾਉਣਾ ਅਤੇ ਜੋ ਤੁਹਾਨੂੰ ਇਬਨੇ ਮਸਊਦ ਵਰਨਣ ਕਰਨ ਉਸ ਦੀ ਤਸਦੀਕ ਕਰਨੀ ।

ਹਜ਼ਰਤ ਉਸਮਾਨ ਦੇ ਵਿਰੁਧ ਅਤੇ ਖ਼ਿਲਾਫ਼ਤ ਦੇ ਵਿਰੁਧ ਜੋ ਫ਼ਿਤਨਾ ਫ਼ਸਾਦ ਪੈਦਾ ਹੋਇਆ, ਉਹ ਇਸ ਕਰਕੇ ਹੋਇਆ ਕਿ ਇਹਨਾਂ ਲੋਕਾਂ ਦੀ ਤਰਬੀਯਤ (ਸੀਖ ਸਿੱਖਿਆ) ਸਹੀ ਨਹੀਂ ਸੀ ਅਤੇ ਬਹੁਤ ਘੱਟ ਮਰਕਜ਼ (ਕੇਂਦਰ) ਵਿੱਚ ਆਇਆ ਕਰਦੇ ਸਨ । ਕੁਰਆਨ ਕਰੀਮ ਦਾ ਗਿਆਨ ਅਤੇ ਧਰਮ ਦਾ ਗਿਆਨ ਬਹੁਤ ਘੱਟ ਸੀ । ਇਸ ਲਈ ਆਪ ਨੇ ਜਮਾਤ ਨੂੰ ਉਸ ਸਮੇਂ ਤਲਕੀਨ (ਨਿਰਦੇਸ਼ ਦਿੱਤੇ) ਕੀਤੀ ਕਿ ਇਸ ਗੱਲੋਂ ਤੁਹਾਨੂੰ ਸਿੱਖਿਆ ਤੇ ਨਸੀਹਤ ਫ਼ੜਨੀ ਚਾਹੀਦੀ ਹੈ । ਇਸ ਲਈ ਕੁਰਆਨ ਕਰੀਮ ਸਿੱਖੋ । ਮਰਕਜ਼ (ਕੇਂਦਰ) ਨਾਲ ਹਮੇਸ਼ਾ ਰਾਬਤਾ ਰੱਖੋ ਅਤੇ ਧਰਮ ਦਾ ਗਿਆਨ ਸਿੱਖੋ ਤਾਂ ਜੋ ਜੇਕਰ ਜਮਾਤ ਵਿੱਚ ਕੋਈ ਫਿਤਨਾ ਫ਼ਸਾਦ ਉਠੱਦਾ ਹੈ ਤਾਂ ਇਸ ਤੋਂ ਬੱਚ ਸਕੋ ।

ਹਜ਼ੂਰ ਅਨਵਰ ਨੇ ਫ਼ਰਮਾਇਆ ਅਲੱਾਹ ਤਆਲਾ ਨੇ ਇਸ ਜ਼ਮਾਨੇ ਵਿੱਚ ਐਮ.ਟੀ.ਏ. ਦਾ ਇਕ ਅਜਿਹਾ ਸਾਧਨ ਪ੍ਰਦਾਨ ਕਰ ਦਿਤੱਾ ਹੈ ਜਿਸ ਰਾਹੀਂ ਅਸੀਂ ਜੇਕਰ ਚਾਹੀਏ ਤਾਂ ਧਾਰਮਕ ਗਿਆਨ ਸਿੱਖ ਸਕਦੇ ਹਾਂ । ਕੁਰਆਨ ਕਰੀਮ ਦੇ ਦਰਸ (ਪਾਠ) ਇਸ ਵਿੱਚ ਹੁੰਦੇ ਹਨ ਹਦੀਸਾਂ ਦੇ ਦਰਸ ਇਸ ਵਿੱਚ ਹੁੰਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਦੇ ਦਰਸ ਹੁੰਦੇ ਹਨ, ਖ਼ਤਬੇ ਹਨ । ਖ਼ਿਲਾਫ਼ਤ ਨਾਲ ਸੰਬੰਧ ਬਣਦਾ ਹੈ । ਹੋਰ ਖ਼ੁਤਬਾਤ ਹਨ, ਜਲਸੇ ਹਨ, ਇਉ ਘੱਟੋ ਘੱਟ ਇਸ ਪੱਖੋਂ ਜੇਕਰ ਅਸੀਂ ਆਪਣੇ ਆਪ ਨੂੰ ਵੀ ਅਤੇ ਆਪਣੀ ਨਸਲਾਂ ਨੂੰ ਇਸ ਸਾਧਨ ਨਾਲ ਜੋੜ ਲਈਏ ਤਾਂ ਤਰਬੀਯਤ ਦਾ ਬਹੁਤ ਚੰਗਾ ਸਾਧਨ ਹੈ ਅਤੇ ਹਰ ਪ੍ਰਕਾਰ ਦੇ ਫਿਤਨੇ ਤੇ ਫ਼ਸਾਦ ਤੋਂ ਬਚਾਉਣ ਵਾਲਾ ਵੀ ਹੈ ਅਤੇ ਆਪਣੇ ਧਾਰਮਕ ਗਿਆਨ ਨੂੰ ਵਧਾਉਣ ਵਾਲਾ ਵੀ ਹੈ । ਇਸ ਲਈ ਜਮਾਤ ਦੇ ਲੋਕਾਂ ਨੂੰ ਬਹੁਤ ਧਿਆਨ ਦੇਣਾ ਚਾਹੀਦਾ ਹੈ ਕਿ ਅਲੱਾਹ ਤਆਲਾ ਨੇ ਜੋ ਐਮ.ਟੀ.ਏ. ਦਾ ਸਾਧਨ ਉਪਲਭਧ ਕੀਤਾ ਹੈ ਇਸ ਨਾਲ ਆਪਣੇ ਆਪ ਨੂੰ ਜੋੜੋ ।

ਹਜ਼ੂਰ ਅਨਵਰ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਹੋਰ ਸਹਾਬੀ ਹਜ਼ਰਤ ਅਬੁਲਬਾਬਾ ਬਿਨ ਅਬਦੁਲ ਮੁੰਜ਼ਰ ਦਾ ਚਰਿਤ੍ਰ ਵਰਨਣ ਕੀਤਾ ਆਪ ਰਜ਼ੀ ਅਲੱਾਹ ਅਨਹੁ ਅੰਸਾਰ ਦੇ ਕਬੀਲਾ ਓਸ ਨਾਲ ਸੰਬੰਧ ਰਖੱਦੇ ਸਨ ਅਤੇ ਬਾਰ੍ਹਾਂ ਨਕੀਬਾਂ (ਪਰਿਵਾਰਕ ਤੇ ਵਿਅਕਤੀਗਤ ਜਾਣਕਾਰੀ ਰਖੱਣ ਵਾਲੇ ਲੋਕਾਂ) ਵਿੱਚੋਂ ਸਨ ਤੇ ਬੈਅਤੇ ਉਕਬਾ ਵਿੱਚ ਸ਼ਾਮਲ ਹੋਏ । ਬਦਰ ਦੀ ਜੰਗ ਸਮੇਂ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਮ ਨੇ ਆਪਣੇ ਪਿੱਛੇ ਹਜ਼ਰਤ ਅਬਦੁਲੱਾਹ ਬਿਨ ਉੱਮੇ ਮਕਤੂਮ ਨੂੰ ਮਦੀਨੇ ਦਾ ਅਮੀਰ ਨਿਯੁਕਤ ਕੀਤਾ । ਪਰ ਜੱਦ ਆਪ

ਰੋਹਾ ਅਸਥਾਨ ਦੇ ਨੇੜੇ ਪਹੁੰਚੇ ਜੋ ਮਦੀਨੇ ਤੋਂ 36 ਮੀਲ ਦੀ ਦੂਰੀ'ਤੇ ਹੈ ਤਾਂ ਸੰਭਵਤਾ ਇਸ ਵਿਚਾਰ ਨਾਲ ਕਿ ਅਬਦੁਲੱਾਹ ਇਕ ਨਾਬੀਨਾ ਵਿਅਕਤੀ ਹੈ ਅਤੇ ਕੁਰੈਸ਼ ਦੇ ਲਸ਼ਕਰ ਦੇ ਆਉਣ ਦੀ ਖ਼ਬਰ ਦਾ ਤਕਾਦਾ ਹੈ ਕਿ ਆਪ ਦੇ ਪਿੱਛੇ ਮਦੀਨੇ ਦਾ ਪ੍ਰਬੰਧ ਵੀ ਮਜ਼ਬੂਤ ਰਹੇ ਆਪ ਨੇ ਹਜ਼ਰਤ ਅਬੂਲਬਾਬਾ ਬਿਨ ਮੁੰਜ਼ਰ ਨੂੰ ਮਦੀਨੇ ਦਾ ਅਮੀਰ ਨਿਯੁਕਤ ਕਰਕੇ ਵਾਪਸ ਭਿਜਵਾ ਦਿਤੱਾ ਅਤੇ ਹਜ਼ਰਤ ਅਬਦੁਲੱਾਹ ਬਿਨ ਉਮੇ ਮਕਤੂਮ ਬਾਰੇ ਆਦੇਸ਼ ਦਿਤੱਾ ਕਿ ਉਹ ਕੇਵਲ ਇਮਾਮੁਸੱਲਾਤ ਰਹਿਣਗੇ ਪਰ ਪ੍ਰਬੰਧਕੀ ਦਾ ਕੰਮ ਹਜ਼ਰਤ ਅਬੂਲਬਾਬਾ ਪੂਰਾ ਕਰਨਗੇ । ਬਹਿਰਹਾਲ ਇਉਂ ਇਹ ਅੱਧੇ ਮਾਰਗ ਵਿੱਚੋਂ ਵਾਪਸ ਚਲੇ ਗਏ । ਇਬਨੇ ਇਸਹਾਕ ਕਹਿੰਦੇ ਹਨ ਕਿ ਨਬੀ ਕਰੀਮ ਸਲਲੱਾਹੂ ਅਲੈਹਿ ਵਸਲਮ ਨੇ ਗ਼ਨੀਮਤ ਦੇ ਮਾਲ (ਜੰਗ ਵਿੱਚ ਜਿੱਤੇ ਗਏ ਮਾਲ) ਵਿੱਚ ਇਹਨਾਂ ਦਾ ਹਿਸੱਾ ਨਿਯੁਕਤ ਕੀਤਾ ।

ਬਦਰ ਦੀ ਜੰਗ ਦੇ ਮੌਕੇ'ਤੇ ਨਬੀ ਕਰੀਮ ਸਲਲੱਾਹੂ ਅਲੈਹਿ ਵਸਲਮ, ਹਜ਼ਰਤ ਅਲੀ ਅਤੇ ਹਜ਼ਰਤ ਅਬੂਲਬਾਬਾ ਤਿੰਨੇ ਵਾਰੀ ਵਾਰੀ ਊਠ ਉਪੱਰ ਸਵਾਰ ਹੁੰਦੇ ਸਨ । ਹਜ਼ਰਤ ਅਲੀ ਅਤੇ ਹਜ਼ਰਤ ਅਬੂਲਬਾਬਾ ਨੇ ਬਹੁਤ ਹੀ ਵਿਨਮ੍ਰਤਾ ਨਾਲ ਅਰਜ਼ ਕੀਤੀ ਕਿ ਅਸੀਂ ਪੈਦਲ ਚਲਦੇ ਹਾਂ ਅਤੇ ਹਜ਼ੂਰ ਸਵਾਰ ਰਹਿਣ ਪਰ ਆਪ ਸਲਲੱਾਹੂ ਅਲੈਹਿ ਵਸਲਮ ਨੇ ਨ ਮੰਨਿਆ ਅਤੇ ਮੁਸਕਰਾਉਂਦਿਆਂ ਹੋਇਆ ਫ਼ਰਮਾਇਆ ਕਿ ਤੁਸੀਂ ਦੋਵੇਂ ਚਲੱਣ ਵਿੱਚ ਮੈਥੋਂ ਬਹੁਤੇ ਤਕੜੇ ਨਹੀਂ ਅਤੇ ਨ ਹੀ ਮੈਂ ਤੁਸੀਂ ਦੋਹਾਂ ਦੇ ਪ੍ਰਤੀਫ਼ਲ ਬਾਰੇ ਬਹੁਤਾ ਬੇ ਨਿਆਜ਼ ਹਾਂ । ਬਦਰ ਦੀ ਜੰਗ ਦੇ ਬਾਦ ਰਸੂਲੁਲੱਾਹ ਸਲਲੱਾਹੂ ਅਲੈਹਿ ਵਸਲਮ ਨੇ ਹਜ਼ਰਤ ਜ਼ੈਦ ਬਿਨ ਹਾਰਸਾ ਨੂੰ ਮਦੀਨੇ ਵਾਸੀਆਂ ਨੂੰ ਖ਼ੁਸ਼ਖਬਰੀ ਪਹੁੰਚਾਉਣ ਲਈ ਰਵਾਨਾ ਕੀਤਾ । ਹਜ਼ਰਤ ਜ਼ੈਦ ਰਸੂਲੁਲੱਾਹ ਸਲਲੱਾਹੂ ਅਲੈਹਿ ਵਸਲਮ ਦੀ ਉਠਣੀ ਉਪੱਰ ਆਏ ਸਨ ਅਤੇ ਉੱਚੀ ਆਵਾਜ਼ ਨਾਲ ਕਿਹਾ ਕਿ ਰਬੀਆ ਦੇ ਦੋਨੋ ਪੁਤੱਰ ਅਤਬਾ ਤੇ ਸ਼ੈਬਾ, ਹਜਾਜ ਦੇ ਬੇਟੇ ਅਬੂਜਹਿਲ ਅਤੇ ਅਬੂਲ ਬਖ਼ਤਰੀ, ਜ਼ਮਆ ਬਿਨ ਅਲਅਸਵਦ ਉਮਯੱਾ ਬਿਨ ਹਲਫ਼ ਇਹ ਸਾਰੇ ਮਾਰੇ ਗਏ ਹਨ ਅਤੇ ਸੁਹੇਲ ਬਿਨ ਉਮਰੋ ਅਤੇ ਬਹੁਤ ਸਾਰੇ ਕੈਦੀ ਬਣਾ ਲਏ ਗਏ ਹਨ । ਲੋਕ ਜ਼ੈਦ ਬਿਨ ਹਾਰਸਾ ਦੀ ਗੱਲ'ਤੇ ਭਰੋਸਾ ਨਹੀਂ ਕਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਜ਼ੈਦ ਹਾਰ ਖਾਕੇ ਪਰਤਿਆ ਹੈ । ਇਕ ਵਿਅਕਤੀ ਨੇ ਹਜ਼ਰਤ ਅਬੂਲਬਾਬਾ ਨੂੰ ਕਿਹਾ ਕਿ ਤੁਹਾਡੇ ਸਾਥੀ ਹੁਣ ਇਸ ਪ੍ਰਕਾਰ ਵਿਖਰ ਚੁਕੇ ਹਨ ਕਿ ਮੁੜ੍ਹ ਕਦੇ ਵੀ ਇਕਤੱਰ ਨਹੀਂ ਹੋਣਗੇ ਅਤੇ ਮੁਹਮੱਦ ਸਲਲੱਾਹੂ ਅਲੈਹਿ ਵਸਲਮ ਆਪ ਅਤੇ ਆਪ ਦੇ ਚੋਟੀ ਦੇ ਸਹਾਬਾ ਸ਼ਹੀਦ ਹੋ ਚੁਕੇ ਹਨ ਅਤੇ ਇਹ ਆਪ ਦੀ ਊਠਣੀ ਹੈ ਅਸੀਂ ਇਸ ਨੂੰ ਜਾਣਦੇ ਹਾਂ । ਹਜ਼ਰਤ ਅਬੂਲਬਾਬਾ ਨੇ ਕਿਹਾ ਰੱਬ ਤੁਹਾਡੀ ਗੱਲ ਝੁਠਲਾ ਦੇਵੇਗਾ । ਯਹੂਦ ਵੀ ਇਹੋ ਕਹਿੰਦੇ ਸਨ ਕਿ ਜ਼ੈਦ ਨਾਕਾਮ ਤੇ ਅਸਫ਼ਲ ਹੋਕੇ ਹਾਰ ਖਾਕੇ ਪਰਤਿਆ ਹੈ । ਹਜ਼ਰਤ ਉਸਾਮਾ ਬਿਦ ਜ਼ੈਦ ਕਹਿੰਦੇ ਹਨ ਕਹਿੰਦੇ ਹਨ ਕਿ ਮੈਂ ਆਪਣੇ ਪਿਤਾ ਤੋਂ ਵੱਖਰਿਆਂ ਪੁੱਛਿਆ ਕਿ ਹੇ, ਅਬੱਾ ਆਪ ਜੋ ਕਹਿੰਦੇ ਹਨ ਕੀ ਉਹ ਸੱਚ ਹੈ । ਹਜ਼ਰਤ ਜ਼ੈਦ ਨੇ ਕਿਹਾ ਹੇ, ਮੇਰੇ ਪੁਤੱਰ ਰੱਬ ਦੀ ਸਹੁੰ ਜੋ ਮੈਂ ਕਹਿ ਰਿਹਾ ਹਾਂ ਸੱਚ ਹੈ । ਹਜ਼ਰਤ ਉਸਾਮਾ ਕਹਿੰਦੇ ਹਨ ਇਸ ਨਾਲ ਮੇਰਾ ਮਨ ਮਜ਼ਬੂਤ ਹੋ ਗਿਆ ।

ਹਜ਼ਰਤ ਅਬੂਲਬਾਬਾ ਦੀ ਸਾਦਗੀ ਅਤੇ ਫ਼ਿਦਾਈਯੱਤੇ ਰਸੂਲ (ਰਸੂਲ ਉਪੱਰ ਕੁਰਬਾਨ ਜਾਣ ਦੀ) ਦੀ ਘਟਣਾ ਇਸ ਪ੍ਰਕਾਰ ਵਰਨਣ ਹੋਈ ਹੈ ਕਿ 5 ਹਿਜਰੀ ਵਿੱਚ ਜੱਦ ਆਂਹਜ਼ਰਤ ਸਲਲੱਾਹੂ ਅਲੈਹਿ ਵਸਲਮ ਖ਼ੰਦਕ ਦੀ ਜੰਗ ਤੋਂ ਵਿਹਲੇ ਹੋਕੇ ਵਾਪਸ ਪਰਤੇ ਤਾਂ ਆਪ ਨੂੰ ਰੱਬ ਵੱਲੋਂ ਕਸ਼ਫ਼ੀ (ਦਿਵ ਦ੍ਰਿਸ਼ਟੀ ਰਾਹੀਂ) ਇਹ ਦੱਸਿਆ ਗਿਆ ਕਿ ਜੱਦ ਤੱਕ ਬਨੂ ਕੁਰੈਜ਼ਾ ਦੀ ਗ਼ਦੱਾਰੀ ਅਤੇ ਬਗ਼ਾਵਤ ਦਾ ਫ਼ੈਸਲਾ ਨਹੀਂ ਹੋ ਜਾਂਦਾ ਆਪ ਨੂੰ ਹੱਥਿਆਰ ਨਹੀਂ ਉਤਾਰਨੇ ਚਾਹੀਦੇ । ਆਪ ਨੇ ਸਹਾਬਾ ਵਿੱਚ ਐਲਾਨ ਕਰ ਦਿਤੱਾ ਕਿ ਸਾਰੇ ਲੋਕ ਬਨੂ ਕੁਰੈਜ਼ਾ ਦੇ ਕਿਲਿਆਂ ਵੱਲ ਰਵਾਨਾ ਹੋ ਜਾਣ ਅਤੇ ਨਮਾਜ਼ ਅਸਰ ਓਥੇ ਹੀ ਪਹੁੰਚ ਕੇ ਪੜ੍ਹੀ ਜਾਏਗੀ । ਸ਼ੁਰੂ ਸ਼ੁਰੂ ਵਿੱਚ ਤਾਂ ਯਹੂਦੀ ਲੋਕ ਅਤਿ ਹੰਕਾਰ ਪ੍ਰਕਟ ਕਰਦੇ ਰਹੇ ਪਰ ਜਿਵੇਂ ਜਿਵੇਂ ਸਮਾਂ ਲੰਘਦਾ ਗਿਆ ਉਹਨਾਂ ਆਪਣੇ ਘਿਰਾਉ ਦੀ ਸਖ਼ਤਾਈ ਅਤੇ ਆਪਣੀ ਬੇਬਸੀ ਦਾ ਅਨੁਭਵ ਹੋਣਾ ਅਰੰਭ ਹੋਇਆ ਤਾਂ ਅੰਤ ਉਹਨਾ ਨੇ ਆਪੋ ਵਿੱਚ ਸਲਾਹ ਕੀਤੀ ਕਿ ਹੁਣ ਕੀ

ਕਰਨਾ ਚਾਹੀਦਾ ਹੈ । ਉਹਨਾਂ ਨੇ ਸਲਾਹ ਕੀਤੀ ਕਿ ਕਿਸੇ ਅਜਿਹੇ ਮੁਸਲਮਾਨ ਨੂੰ ਜੋ ਇਹਨਾਂ ਨਾਲ ਸੰਬੰਧ ਰਖੱਦਾ ਹੋਵੇ ਅਤੇ ਆਪਣੀ ਸਾਦਗੀ ਕਰਕੇ ਇਹਨਾਂ ਦੇ ਦਾਉ ਵਿੱਚ ਆ ਸਕਦਾ ਹੋਵੇ ਆਪਣੇ ਕਿਲੇ ਵਿੱਚ ਬੁਲਾਉਣ ਅਤੇ ਉਸ ਤੋਂ ਇਰਾਦਾ ਹੈ । ਸੋ, ਉਹਨਾਂ ਨੇ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਦੂਤ ਭੇਜ ਕੇ ਇਹ ਬਿਨਤੀ ਕੀਤੀ ਕਿ ਅਬੁਲਬਾਬਾ ਬਿਨ ਮੁੰਜ਼ਰ ਅੰਸਾਰੀ ਨੂੰ ਉਹਨਾਂ ਦੇ ਕਿਲੇ ਵਿੱਚ ਭਿਜਵਾਇਆ ਜਾਏ ਤਾਂ ਜੋ ਉਹ ਇਹਨਾਂ ਤੋਂ ਸਲਾਹ ਕਰ ਸਕਣ । ਆਪ ਨੇ ਅਬੁਲਬਾਬਾ ਨੂੰ ਆਗਿਆ ਦਿੱਤੀ ਅਤੇ ਉਹ ਇਹਨਾਂ ਦੇ ਕਿਲੇ ਵਿੱਚ ਚਲੇ ਗਏ । ਹੁਣ ਬਨੁ ਕੁਰੈਜ਼ਾ ਦੇ ਸਰਦਾਰਾਂ ਨੇ ਇਹ ਸਲਾਹ ਕੀਤੀ ਹੋਈ ਸੀ ਕਿ ਜਿਵੇਂ ਹੀ ਅਬੁਲਬਾਬਾ ਕਿਲੇ ਦੇ ਅੰਦਰ ਦਾਖ਼ਲ ਹੋਣ ਸਾਰੀਆਂ ਯਹੂਦੀ ਇਸਤਰੀਆਂ ਅਤੇ ਬੱਚੇ ਰੋਂਦਿਆਂ ਚੀਕਦਿਆਂ ਉਹਨਾਂ ਦੁਆਲੇ ਇਕਤੱਰ ਹੋ ਜਾਣ ਅਤੇ ਆਪਣੀ ਔਕੁੜ ਤੇ ਕਸ਼ਟਾਂ ਦਾ ਪੂਰਾ ਪ੍ਰਭਾਵ ਉਹਨਾਂ ਦੇ ਦਿਲ ਉਪੱਰ ਪਾਉਣ ਦਾ ਜਤਨ ਕਰਨ । ਸੋ, ਅਬੁਲਬਾਬਾ ਉਪੱਰ ਇਹ ਦਾਉ ਚਲ ਗਿਆ ਅਤੇ ਬਨੁ ਕੁਰੈਜ਼ਾ ਦੇ ਪ੍ਰਸ਼ਨ ਉਪੱਰ ਕਿ ਹੇ, ਅਬੁਲਬਾਬਾ ਤੂੰ ਸਾਡਾ ਕੀ ਹਾਲ ਦੇਖ ਰਿਹਾ ਹੈਂ ਕਿ ਕੀ ਅਸੀਂ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਫ਼ੈਸਲੇ'ਤੇ ਆਪਣੇ ਕਿਲਿਆਂ ਤੋਂ ਉਤਰ ਆਈਏ । ਅਬੁਲਬਾਬਾ ਨੇ ਨਿਧੜਕ ਹੀ ਉੱਤਰ ਦਿਤੱਾ ਹਾਂ ਉਤਰ ਆਓ ਪਰ ਨਾਲ ਹੀ ਆਪਣੇ ਗਲੇ'ਤੇ ਹੱਥ ਫ਼ੇਰਦਿਆਂ ਹੋਇਆਂ ਸੰਕੇਤ ਕੀਤਾ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਤੁਹਾਨੂੰ ਕਤਲ ਦਾ ਹੁਕਮ ਦੇਣਗੇ । ਹਜ਼ਰਤ ਅਬੁਲਬਾਬਾ ਕਹਿੰਦੇ ਹਨ ਕਿ ਜੱਦ ਇਹ ਵਿਚਾਰ ਆਇਆ ਕਿ ਮੈਂ ਰੱਬ ਅਤੇ ਉਸ ਦੇ ਰਸੂਲ ਦੀ ਖ਼ਿਆਨਤ ਕੀਤੀ ਹੈ ਤਾਂ ਮੇਰੇ ਪੈਰ੍ਹ ਲੜਖਾਉਣ ਲੱਗੇ । ਆਪ ਉੱਥੋਂ ਮਸਜਿਦ ਨਬਵੀ ਵਿੱਚ ਆਏ ਅਤੇ ਮਸਜਿਦ ਦੇ ਇਕ ਸਤੂਨ (ਪਿਲੱਰ) ਨਾਲ ਆਪਣੇ ਆਪਨੂੰ ਬੰਨ੍ਹ ਦਿਤੱਾ ਕਿ ਮੇਰੀ ਸਜ਼ਾ ਹੈ ਇਹ ਅਤੇ ਕਿਹਾ ਜੱਦ ਤੱਕ ਰੱਬ ਮੇਰੀ ਤੌਬਾ ਕੁਬੂਲ ਨ ਕਰੇਗਾ ਇਸੇ ਪ੍ਰਕਾਰ ਬੰਨ੍ਹਿਆ ਰਹਾਂਗਾ । ਹਜ਼ਰਤ ਅਬੁਲਬਾਬਾ ਕਹਿੰਦੇ ਹਨ ਕਿ ਮੈਂ ਪੰਦਰ੍ਹਾਂ ਦਿਨ ਇਸੇ ਮੁਸੀਬਤ ਵਿੱਚ ਰਿਹਾ । ਹਜ਼ਰਤ ਉਮੇ ਸਲਮਾ ਵਰਨਣ ਕਰਦੀ ਹਨ ਕਿ ਅਬੁਲਬਾਬਾ ਦੀ ਤੌਬਾ ਦੀ ਪਰਵਾਨਗੀ ਦੀ ਖ਼ਬਰ ਮੇਰੇ ਘਰ ਵਿੱਚ ਨਾਜ਼ਲ ਹੋਈ ਮੈਂ ਸਿਹਰੀ (ਪਹੁ ਫ਼ਟਾਲੇ ਤੋਂ ਪਹਿਲਾਂ) ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੂੰ ਹਸਦਿਆਂ ਹੋਇਆ ਦੇਖਿਆ ਮੈਂ ਬਿਨਤੀ ਕੀਤੀ ਰੱਬ ਆਪ ਨੂੰ ਹਕੇਸ਼ਾ ਮੁਸਕਾਰਉਦਿਆਂ ਰੱਖੇ ਆਪ ਕਿਸ ਗੱਲ'ਤੇ ਹੱਸ ਰਹੇ ਹਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਅਬੁਲਬਾਬਾ ਦੀ ਤੌਬਾ ਕੁਬੂਲ ਹੋ ਗਈ । ਮੈਂ ਬਿਨਤੀ ਕੀਤੀ ਕਿ ਅਲੱਾਹ ਦੇ ਰਸੂਲ ਮੈਂ ਉਹਨਾਂ ਨੂੰ ਜਾਣਕਾਰੀ ਦੇ ਦਿਆਂ । ਆਪ ਦੇ ਫ਼ਰਮਾਇਆ ਕਿ ਜੇਕਰ ਤੁਸੀਂ ਚਾਹੁੰਦੀ ਹੋ ਤਾਂ ਕਰ ਦਿਓ । ਹਜ਼ਰਤ ਉਮੇ ਸਲਮਾ ਕਹਿੰਦੀ ਹਨ ਕਿ ਮੈਂ ਹੁਜਰੇ ਦੇ ਦਰਵਾਜ਼ੇ ਉਪੱਰ ਖੜ੍ਹੇ ਹੋਕੇ ਕਿਹਾ ਕਿ ਹੇ, ਅਬੁਲਬਾਬਾ ਖ਼ੁਸ਼ ਹੋ ਜਾਓ ਅਲੱਾਹ ਨੇ ਆਪ ਉਪੱਰ ਮਿਹਰ ਕਰਦਿਆਂ ਹੋਇਆਂ ਆਪ ਦੀ ਤੌਬਾ ਕੁਬੂਲ ਕਰ ਲਈ ਹੈ । ਲੋਕ ਦੌੜਕੇ ਹਜ਼ਰਤ ਅਬੁਲ ਬਾਬਾ ਨੂੰ ਖੋਲਣ ਲੱਗੇ ਪਰ ਉਹਨਾਂ ਨੇ ਕਿਹਾ ਕਿ ਨਹੀਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਹੀ ਮੈਨੂੰ ਖੋਲਣਗੇ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਫ਼ਜਰ ਦੀ ਨਮਾਜ਼ ਪੜ੍ਹਨ ਲਈ ਆਏ ਤਾਂ ਆਪਣੇ ਮੁਬਾਰਕ ਹਥੱਾਂ ਨਾਲ ਉਹਨਾਂ ਨੂੰ ਖੋਲਿਆ । ਹਜ਼ਰਤ ਅਬੁਲਬਾਬਾ ਨੇ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਨੂੰ ਬਿਨਤੀ ਕੀਤੀ ਕਿ ਮੈਂ ਆਪਣੇ ਪੈਤ੍ਰਿਕ ਘਰ ਨੂੰ ਜਿੱਥੇ ਮੈਥੋਂ ਇਹ ਗੁਨਾਹ ਹੋਇਆ ਹੈ ਛਡੱਦਾ ਹਾਂ ਅਤੇ ਮੈਂ ਆਪਣੇ ਮਾਲ ਨੂੰ ਰੱਬ ਅਤੇ ਉਸ ਦੇ ਰਸੂਲ ਦੇ ਮਾਰਗ ਵਿੱਚ ਸਦਕਾ ਕਰਦਾ ਹਾਂ । ਆਪ ਨੇ ਫ਼ਰਮਾਇਆ ਕਿ ਕੇਵਲ ਇਕ ਤਿਹਾਈ (1/3) ਮਾਲ ਦਾ ਸਦਕਾ ਕਰੋ, ਹਜ਼ਰਤ ਅਬੁਲਬਾਬਾ ਨੇ ਇਕ ਤਿਹਾਈ ਮਾਲ ਸਦਕਾ ਕੀਤਾ ਅਤੇ ਆਪਣੇ ਪੈਤ੍ਰਿਕ ਘਰ ਨੂੰ ਛੱਡ ਦਿਤੱਾ ।

ਅਲਾਮਾ ਇਬਨੇ ਸਾਅਦ ਨੇ ਲਿੱਖਿਆ ਹੈ ਕਿ ਕੈਨਕਾ ਦੀ ਜੰਗ ਅਤੇ ਸਵੇਕ ਦੀ ਜੰਗ ਸਮੇਂ ਵੀ ਹਜ਼ਰਤ ਅਬੁਲਬਾਬਾ ਨੂੰ ਮਦੀਨੇ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਗ਼ੈਰ ਹਾਜ਼ਰੀ ਵਿੱਚ ਅਗਵਾਈ ਦਾ ਮੌਕਾ ਪ੍ਰਦਾਨ ਹੋਇਆ ਹੈ । ਹਜ਼ਰਤ ਅਬੁਲਬਾਬਾ ਮੱਕੇ ਦੀ ਫ਼ਤਹਿ ਸਮੇਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲ ਨਾਲ

ਹਮਸਫ਼ਰ ਸਨ । ਅੰਸਾਰ ਦੇ ਕਬੀਲੇ ਉਮੱਰੋ ਬਿਨ ਔਫ਼ ਦਾ ਝੰਡਾ ਇਹਨਾਂ ਦੇ ਹੱਥ ਵਿੱਚ ਸੀ । ਆਪ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਜੰਗਾ ਵਿੱਚ ਸ਼ਾਮਲ ਰਹੇ । ਇਹਨਾਂ ਦੀ ਵਫ਼ਾਤ ਬਾਰੇ ਮਤਿਭੇਦ ਹੈ । ਕਈਆਂ ਅਨੁਸਾਰ ਹਜ਼ਰਤ ਅਬੁਲਬਾਬਾ ਹਜ਼ਰਤ ਅਲੀ ਦੇ ਖ਼ਿਲਾਫ਼ਤ ਦੇ ਸਮੇਂ ਫ਼ੌਤ ਹੋਏ ਕਈ ਕਹਿੰਦੇ ਹਨ ਕਿ ਹਜ਼ਰਤ ਉਸਮਾਨ ਦੀ ਸ਼ਹੀਦੀ ਦੇ ਬਾਦ ਵਫ਼ਾਤ ਪਾਈ । ਇਕ ਰਾਏ ਇਹ ਵੀ ਹੈ ਕਿ 50 ਹਿਜਰੀ ਦੇ ਬਾਦ ਤੱਕ ਜੀਉਂਦੇ ਰਹੇ। ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਇਹਨਾਂ ਸਹਾਬਾ ਦੇ ਹਾਲਾਤ ਸਨ ਅਲੱਾਹ ਤਆਲਾ ਇਹਨਾਂ ਦੇ ਦਰਜੇ ਬੁਲੰਦ ਤੋਂ ਬੁਲੰਦ ਕਰਦਾ ਚਲਾ ਜਾਏ ।

ਜੁਮਏ ਦੀ ਨਮਾਜ਼ ਦੇ ਬਾਦ ਮੈਂ ਦੋ ਜਨਾਜ਼ੇ ਪੜ੍ਹਾਵਾਂਗਾ ਇਕ ਜਨਾਜ਼ਾ ਹਾਜ਼ਰ ਹੈ ਇਕ ਗ਼ਾਇਬ ਹੈ ।

ਜਨਾਜ਼ਾ ਗ਼ਾਇਬ ਮੁਕਰੱਮ ਕਾਜ਼ੀ ਸ਼ੁਅਬਾਨ ਅਹਮਦ ਖ਼ਾਨ ਸਾਹਬ ਸ਼ਹੀਦ ਵਾਸੀ ਸਵਾਬਾ ਗਾਰਡਨ ਲਾਹੌਰ ਦਾ ਹੈ । 25 ਜੂਨ 2018 ਈ ਨੂੰ ਇਹਨਾਂ ਨੂੰ ਵਿਰੋਧੀਆਂ ਨੇ ਇਹਨਾਂ ਦੇ ਘਰ ਵਿੱਚ ਵੜਕੇ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿਤੱਾ । اناللهوانااليهراجعون ਸ਼ਹੀਦ ਮਰਹੂਮ ਨੇ 2001 ਈ. ਵਿੱਚ ਆਪਣੇ ਇਕ ਮਿਤੱਰ ਦੋਸਤ ਮੁਹਮੱਦ ਇਕਬਾਲ ਰਾਹੀਂ ਆਪਣੇ ਪਰਿਵਾਰ ਸਹਿਤ ਬੈਅਤ ਕੀਤੀ ਸੀ । ਸ਼ਹੀਦ ਮਰਹੂਮ ਬੇਸ਼ੁਮਾਰ ਖ਼ੂਬੀਆਂ ਦੇ ਮਾਲਕ ਸਨ । ਬੈਅਤ ਦੇ ਬਾਦ ਮੁਕਰੱਮ ਕਾਜ਼ੀ ਸਾਹਬ ਬਹੁਤ ਹੀ ਨੇਕ ਤੇ ਖ਼ਾਲਸ ਵਿਅਕਤੀ ਸਾਬਤ ਹੋਏ । ਖ਼ਿਲਾਫ਼ਤ ਨਾਲ ਅਥਾਹ ਪ੍ਰੇਮ ਅਤੇ ਡੂੰਘਾ ਲਗਾਉ ਸੀ । ਸ਼ਹੀਦ ਮਰਹੂਮ ਨੇ ਘਰ ਵਿੱਚ ਐਮ.ਟੀ.ਏ. ਦੇਖਣ ਲਈ ਡਿਸ਼ ਐਂਟੀਨਾ ਲਾਈ ਰੱਖਿਆ ਸੀ ਤਾਂ ਜੋ ਆਪ ਵੀ ਅਤੇ ਆਪਣੇ ਘਰ ਵਾਲਿਆਂ ਨੂੰ ਵੀ ਖ਼ਿਲਾਫ਼ਤ ਨਾਲ ਜੋੜੀ ਰਖੱਣ । ਚੰਦਿਆਂ ਅਤੇ ਹੋਰਨਾ ਆਰਥਕ ਕੁਰਬਾਨੀਆਂ ਵਿੱਚ ਵੀ ਵੱਧ ਚੜ੍ਹਕੇ ਭਾਗ ਲੈਂਦੇ ਸਨ । ਸ਼ਹੀਦ ਮਰਹੂਮ ਨੇ ਆਪਣੇ ਪਿੱਛੇ ਪਤਨੀ ਤੋਂ ਬਿਨ ਤਿੰਨ ਬੇਟੀਆਂ ਛੱਡੀਆਂ ਹਨ । ਅਲੱਾਹ ਤਆਲਾ ਆਪ ਇਹਨਾਂ ਦਾ ਸਹਾਈ ਹੋਵੇ ਅਤੇ ਇਹਨਾਂ ਨੂੰ ਹਰ ਪ੍ਰੇਸ਼ਾਨੀ ਤੋਂ ਬਚਾਈ ਰੱਖੇ ਅਤੇ ਕਾਜ਼ੀ ਸਾਹਬ ਦੇ ਦਰਜਿਆਂ ਨੂੰ ਬੁਲੰਦ ਫ਼ਰਮਾਉਂਦਾ ਚਲਾ ਜਾਏ । ਦੂਜਾ ਜਨਾਜ਼ਾ ਜੋ ਹਾਜ਼ਰ ਜਨਾਜ਼ਾ ਹੈ ਉਹ ਮੁਹਤਰਮਾ ਅਮਤੁਲ ਹਈ ਬੇਗ਼ਮ ਸਾਹਿਬਾ ਬਿਨਤ ਸੇਠ ਮੁਹਮੱਦ ਗ਼ੌਸ ਸਾਹਬ ਦਾ ਹੈ ਜੋ 23 ਜੂਨ ਨੂੰ ਸੌ ਸਾਲ ਤੋਂ ਵੱਧ ਦੀ ਉਮਰ ਵਿੱਚ ਇਹਨਾਂ ਦੀ ਵਫ਼ਾਤ ਹੋਈ ਹੈ । اناللهوانااليه راجعون ਅਮਤੁਲ ਹਈ ਸਾਹਿਬਾ ਨਮਾਜ਼ ਦੀ ਪਾਬੰਦ, ਦੁਆ ਕਰਨ ਵਾਲੀ ਤੇ ਖ਼ਿਲਾਫ਼ਤ ਦੀ ਆਗਿਆਕਾਰ ਬਹੁਤ ਅਖ਼ਲਾਸ ਰਖੱਣ ਵਾਲੀ ਸਨ । ਬਹੁਤ ਨੇਕ ਅਤੇ ਵਿਨਮ੍ਰ ਇਸਤਰੀ ਸਨ । ਪਿਛੋਕੜ ਵਿੱਚ ਦੋ ਬੇਟੀਆਂ ਅਤੇ ਦੋ ਬੇਟੇ ਅਤੇ ਬਹੁ ਗਿਣਤੀ ਵਿੱਚ ਪੋਤੇ ਪੋਤੀਆਂ ਅਤੇ ਨਵਾਸੇ ਨਵਾਸੀਆਂ ਯਾਦਗਾਰ ਛੱਡੇ ਨਨ । ਆਪ ਮੁਹਮੱਦ ਇਦਰੀਸ ਸਾਹਬ ਹੈਦਰਾਬਾਦੀ ਜਰਮਨੀ ਦੀ ਮਾਤਾ ਸਨ । ਅਲੱਾਹ ਤਆਲਾ ਇਹਨਾਂ ਦੇ ਦਰਜੇ ਬੁਲੰਦ ਫ਼ਰਮਾਏ ਅਤੇ ਇਹਨਾ ਦੀ ਨਸਲਾਂ ਨੂੰ ਖ਼ਿਲਾਫ਼ਤ ਨਾਲ ਸਚੱਾ ਤੇ ਹਕੀਕੀ ਸੰਬੰਧ ਬਣਾਈ ਰਖੱਣ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 29.06.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131